بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّی عَلٰی رَسُوۡلِہِ الۡکَرِیۡمِ　　وَ عَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in**　　**ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)**

# ਵਿਰੋਧੀਆਂ ਦੇ ਐਤਰਾਜ਼ਾਂ ਦਾ ਜਵਾਬ ਦਿੰਦੇ ਹੋਏ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਬਾਰੇ ਨਸੀਹਤ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 06 ਜੂਨ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਜ ਕੱਲ ਜਿੱਥੇ ਸੋਸ਼ਲ ਮੀਡੀਆ ਦਾ ਫ਼ਾਇਦਾ ਹੈ ਅਤੇ ਉਸ ਤੋਂ ਫ਼ਾਇਦਾ ਚੁੱਕਿਆ ਜਾਂਦਾ ਹੈ ਉੱਥੇ ਕੁੱਝ ਅਜਿਹੀਆਂ ਗੱਲਾਂ ਵੀ ਹੁੰਦੀਆਂ ਹਨ ਜਿਹੜੀਆਂ ਤਕਲੀਫ਼ ਦੇਹ ਹੁੰਦੀਆਂ ਹਨ ਅਤੇ ਇਸੇ ਤੋਂ ਫ਼ਾਇਦਾ ਚੁੱਕਦੇ ਹੋਏ ਅੱਜ ਕੱਲ ਵਿਰੋਧੀ ਜਮਾਅਤ ਅਹਮਦਿੱਯਾ ਦੇ ਖ਼ਿਲਾਫ਼ ਇੰਤਿਹਾਈ ਬੇ-ਹੂਦਾ ਗੋਈ ਵੀ ਕਰਦੇ ਹਨ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਖ਼ਿਲਾਫ਼ ਉਹ ਝੂਠ ਅਤੇ ਗ਼ਲਾਜ਼ਤ ਬਕਦੇ ਹਨ ਕਿ ਜਿਹਨਾਂ ਨੂੰ ਸੁਣ ਕੇ ਅਹਿਮਦੀਆਂ ਦਾ ਦਿਲ ਛਲਣੀ ਹੁੰਦਾ ਹੈ ਅਤੇ ਫਿਰ ਪਰਤ ਕੇ ਕੁੱਝ ਅਹਿਮਦੀ ਵੀ ਉਹਨਾਂ ਦੇ ਜਵਾਬ ਗ਼ਲਤ ਰੰਗ ਵਿੱਚ ਦੇ ਦਿੰਦੇ ਹਨ। ਨੀਅਤ ਚਾਹੇ ਉਹਨਾਂ ਦੀ ਸਾਫ਼ ਵੀ ਹੋਵੇ ਤਦ ਵੀ ਕਈ ਵਾਰ ਅਜਿਹੇ ਅਲਫ਼ਾਜ਼ ਨਿਕਲ਼ ਜਾਂਦੇ ਹਨ ਜਿਹਨਾਂ ਨੂੰ ਗ਼ਲਤ ਮਾਇਨੇ ਪਹਿਨਾਏ ਜਾ ਸਕਦੇ ਹਨ। ਇਹ ਸਾਡਾ ਤਰੀਕ਼ਾ ਨਹੀਂ ਹੈ, ਇਸ ਤੋਂ ਇੱਕ ਅਹਿਮਦੀ ਨੂੰ ਬਚਣਾ ਚਾਹੀਦਾ ਹੈ। ਸਾਡਾ ਕੰਮ ਇਹ ਨਹੀਂ ਕਿ ਗ਼ਲਤ ਜ਼ੁਬਾਨ ਇਸਤੇਮਾਲ ਕਰੀਏ ਜਾਂ ਉਸ ਨੂੰ ਇਸ ਰੰਗ ਵਿੱਚ ਜਵਾਬ ਦਈਏ ਜਿਸ ਨਾਲ਼ ਅਣਜਾਣੇ ਵਿੱਚ ਸਾਡੇ ਮੂੰਹ 'ਚੋਂ ਅਜਿਹੇ ਅਲਫ਼ਾਜ਼ ਨਿਕਲ਼ ਜਾਣ ਜਿਹੜੇ ਕਿਸੇ ਵੀ ਰੰਗ ਵਿੱਚ ਕਿਸੇ ਦੇ ਵੀ ਨਿਰਾਦਰ ਦਾ ਕਾਰਨ ਬਣਨ ਅਤੇ ਇਸ ਤੋਂ ਫ਼ਾਇਦਾ ਚੁੱਕ ਕੇ ਵਿਰੋਧੀ ਇਹ ਕਹਿੰਦੇ ਰਹਿਣ ਕਿ ਅਸੀਂ ਨਊਜ਼ੁਬਿੱਲਾਹ نعوذباللہ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਤੌਹੀਨ ਜਾਂ ਸਹਾਬਾ ਰਿਜ਼ਵਾਨੁੱਲਾਹਿ ਅਲਈਹਿਮ੍ ਅਜ੍ਮਈਨ ਦੀ ਤੌਹੀਨ ਕਰਨ ਵਾਲ਼ੇ ਹਨ ਜਦਕਿ ਸਾਡੇ ਦਿਲਾਂ ਵਿੱਚ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਅਤੇ ਸਹਾਬਾ ਰਿਜ਼ਵਾਨੁੱਲਾਹਿ ਅਲਈਹਿਮ੍ ਅਜ੍ਮਈਨ ਦਾ ਜਿਹੜਾ ਮੁਕ਼ਾਮ ਹੈ ਇਸਦਾ ਤਾਂ ਕਰੋੜਵਾਂ ਹਿੱਸਾ ਵੀ ਉਹਨਾਂ ਲੋਕਾਂ ਦੇ ਦਿਲ ਵਿੱਚ ਨਹੀਂ ਹੈ। ਸਾਡਾ ਤਾਂ ਸਭ ਕੁੱਝ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੇ ਕ਼ੁਰਬਾਨ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਹੀ ਉਹ ਖ਼ਾਤਮੁਲ੍ ਅੰਬਿਯਾ ਹੋ ਜਿਹੜੇ ਅੱਲਾਹ ਤਆਲਾ ਦੇ ਪਿਆਰੇ ਅਤੇ ਆਖ਼ਰੀ ਨਬੀ ਹੋ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਥੀ ਜੋ ਹਨ, ਸਹਾਬਾ, ਉਹਨਾਂ ਦੇ ਬਾਰੇ ਤਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਬੇ-ਸ਼ੁਮਾਰ ਜਗ੍ਹਾ ਉਹ ਅਲਫ਼ਾਜ਼ ਫ਼ਰਮਾਏ ਹਨ, ਉਹ ਗੱਲਾਂ ਕੀਤੀਆਂ ਹਨ ਕਿ ਜਿਹੜੀਆਂ ਇਹਨਾਂ ਦੀ ਸੋਚ ਤੋਂ ਵੀ ਪਰੇ ਹਨ, ਜਿਹੜੇ ਸਾਡੇ ਵਿਰੋਧੀ ਗੱਲਾਂ ਕਰਦੇ ਹਨ।

ਬਸ ਸਾਡੇ ਦਿਲਾਂ ਵਿੱਚ ਸਿਰਫ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਮੁਕ਼ਾਮ ਹੀ ਨਹੀਂ, ਇਹ ਤਾਂ ਹੈ ਹੀ ਹੈ, ਇਸ ਤੱਕ ਤਾਂ ਕੋਈ ਪਹੁੰਚ ਹੀ ਨਹੀਂ ਸਕਦਾ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਹਾਬਾ ਦਾ ਵੀ ਬੜਾ ਮੁਕ਼ਾਮ ਹੈ ਸਾਡੇ ਦਿਲ ਵਿੱਚ। ਅਤੇ ਇਸ ਗੱਲ ਨੂੰ ਹਰ ਅਹਿਮਦੀ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ ਅਤੇ ਅਜਿਹੀਆਂ ਗੱਲਾਂ ਕਰਨ ਤੋਂ ਹਰ ਅਹਿਮਦੀ ਨੂੰ ਬਚਣਾ ਚਾਹੀਦਾ ਹੈ ਜਿਸ ਨਾਲ਼ ਗ਼ਲਤ ਅਸਰ ਪੈਦਾ ਹੋਵੇ ਜਾਂ ਗ਼ਲਤ ਅਸਰ ਪੈਦਾ ਹੋਣ ਦਾ ਕਿਸੇ

ਵੀ ਰੰਗ ਵਿੱਚ ਅੰਦੇਸ਼ਾ ਹੋਵੇ। ਕੁੱਝ ਅਹਿਮਦੀ ਸਮਝਦੇ ਹਨ ਕਿਇਹ ਜਵਾਬ ਦੇ ਕੇ ਅਸੀਂ ਬੜੀ ਗ਼ੈਰਤ ਦਾ ਮੁਜ਼ਾਹਿਰਾ ਕੀਤਾ ਹੈ, ਜਦ ਉਹਨਾਂ ਤੋਂ ਪੁੱਛੋ ਤਾਂ ਇਹੀ ਉਹਨਾਂ ਦਾ ਜਵਾਬ ਹੁੰਦਾ ਹੈ ਜਦਕਿ ਝੂਠੀ ਗ਼ੈਰਤ ਜਹਾਲਤ ਹੈ ਅਤੇ ਜੇਕਰ ਕੋਈ ਅਹਿਮਦੀ ਹੋ ਕੇ ਅਜਿਹੀਆਂ ਗੱਲਾਂ ਕਰਦਾ ਹੈ ਜਿਸ ਨਾਲ਼ ਕਿਸੇ ਵੀ ਤਰ੍ਹਾਂ ਗ਼ਲਤ ਮਤਲਬ ਨਿਕਲ਼ਦਾ ਹੋਵੇ ਤਾਂ ਉਹ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਅਤੇ ਜਮਾਅਤ ਨੂੰ ਬਦਨਾਮ ਕਰਨ ਵਾਲ਼ਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ, ਤੁਸੀਂ ਸਬਰ ਕਰਨਾ ਹੈ ਅਤੇ ਹਮੇਸ਼ਾ ਸਬਰ ਦਿਖਾਉਣਾ ਹੈ। ਇੱਕ ਜਗ੍ਹਾ ਆਪ ਅਲੈਹਿੱਸ੍ ਸਲਾਮ ਨੇ ਫ਼ਰਮਾਇਆ, ਇਹ ਮੈਨੂੰ ਗਾਲ਼ਾਂ ਦਿੰਦੇ ਹਨ ਪਰ ਮੈਂ ਉਹਨਾਂ ਦੀਆਂ ਗਾਲ਼ਾਂ ਦੀ ਪਰਵਾਹ ਨਹੀਂ ਕਰਦਾ ਅਤੇ ਨਾ ਉਹਨਾਂ ਤੇ ਅਫ਼ਸੋਸ ਕਰਦਾ ਹਾਂ ਕਿਉਂਕਿ ਉਹ ਇਸ ਮੁਕ਼ਾਮ ਤੋਂ ਲਾਚਾਰ ਹੋ ਗਏ ਹਨ ਅਤੇ ਆਪਣੀ ਲਾਚਾਰਗੀ ਅਤੇ ਕਮੀਨਗੀ ਨੂੰ ਇਸ ਦੇ ਇਲਾਵਾ ਨਹੀਂ ਲੁਕਾ ਸਕਦੇ ਕਿ ਗਾਲ਼ਾਂ ਦੇਣ। ਇੱਕ ਕਮੀਨਾਪਨ ਅਤੇ ਹੋਛੇ ਹਥਿਆਰ ਇਸਤੇਮਾਲ ਕਰ ਰਹੇ ਹਨ ਇਸ ਲਈ ਕਿ ਉਹਨਾਂ ਦੇ ਕੋਲ਼ ਕੋਈ ਦਲੀਲ ਨਹੀਂ ਹੈ, ਕੋਈ ਜਵਾਬ ਨਹੀਂ ਹੈ ਤਾਂ ਇਹ ਲੋਕ ਸਿਰਫ਼ ਗਾਲ਼ਾਂ ਦੇਣਾ ਚਾਹੁੰਦੇ ਹਨ। ਆਪ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕੁਫ਼ਰ ਦੇ ਫ਼ਤਵੇ ਲਾਓ, ਝੂਠੇ ਮੁਕ਼ੱਦਮੇ ਬਣਾਓ ਅਤੇ ਕ਼ਿਸਮ ਕ਼ਿਸਮ ਦੀਆਂ ਝੂਠੀਆਂ ਤੋਹਮਤਾਂ ਲਾਓ। ਉਹ ਆਪਣੀਆਂ ਸਾਰੀਆਂ ਤਾਕ਼ਤਾਂ ਨੂੰ ਕੰਮ ਵਿੱਚ ਲਿਆ ਕੇ ਮੇਰਾ ਮੁਕ਼ਾਬਲਾ ਕਰ ਲੈਣ ਅਤੇ ਦੇਖ ਲੈਣ ਕਿ ਆਖ਼ਰੀ ਫ਼ੈਸਲਾ ਕਿਸ ਦੇ ਹੱਕ਼ ਵਿੱਚ ਹੋਵੇਗਾ। ਜਿਹੜੀ ਕੋਸ਼ਿਸ਼ ਕਰਨੀ ਹੈ ਤੁਸੀਂ ਕਰ ਲਓ ਪਰ ਅੱਲਾਹ ਤਆਲਾ ਮੇਰੇ ਨਾਲ਼ ਹੈ, ਆਖ਼ਰੀ ਫ਼ੈਸਲਾ ਤਾਂ ਨਜ਼ਰ ਆ ਜਾਵੇਗਾ ਕਿ ਕਿਸ ਦੇ ਨਾਲ਼ ਹੈ। ਫ਼ਰਮਾਇਆ ਕਿ ਮੈਂ ਉਹਨਾਂ ਦੀਆਂ ਗਾਲ਼ਾਂ ਦੀ ਜੇਕਰ ਪਰਵਾਹ ਕਰਾਂ ਤਾਂ ਅਸਲ ਕੰਮ ਜਿਹੜਾ ਖ਼ੁਦਾ ਨੇ ਮੇਰੇ ਸਪੁਰਦ ਕੀਤਾ ਹੈ, ਰਹਿ ਜਾਂਦਾ ਹੈ। ਇਸ ਲਈ ਜਿੱਥੇ ਮੈਂ ਉਹਨਾਂ ਦੀਆਂ ਗਾਲ਼ਾਂ ਦੀ ਪਰਵਾਹ ਨਹੀਂ ਕਰਦਾ ਮੈਂ ਆਪਣੀ ਜਮਾਅਤ ਨੂੰ ਨਸੀਹਤ ਕਰਦਾ ਹਾਂ ਕਿ ਉਹਨਾਂ ਨੂੰ ਮੁਨਾਸਿਬ ਹੈ ਕਿ ਉਹਨਾਂ ਦੀਆਂ ਗਾਲ਼ਾਂ ਸੁਣ ਕੇ ਬਰਦਾਸ਼ਤ ਕਰਨ ਅਤੇ ਹਰਗਿਜ਼ ਹਰਗਿਜ਼ ਗਾਲ਼ਾਂ ਦਾ ਜਵਾਬ ਗਾਲ਼ਾਂ ਨਾਲ਼ ਨਾ ਦੇਣ ਕਿਉਂਕਿ ਇਸ ਤਰ੍ਹਾਂ ਬਰਕਤ ਜਾਂਦੀ ਰਹਿੰਦੀ ਹੈ। ਉਹ ਸਬਰ ਅਤੇ ਬਰਦਾਸ਼ਤ ਦਾ ਨਮੂਨਾ ਜ਼ਾਹਿਰ ਕਰਨ ਅਤੇ ਆਪਣੇ ਅਖ਼ਲਾਕ਼ ਦਿਖਾਉਣ। ਯਕੀਨਨ ਯਾਦ ਰੱਖੋ ਕਿ ਅਕ਼ਲ ਅਤੇ ਜੋਸ਼ ਵਿੱਚ ਖ਼ਤਰਨਾਕ ਦੁਸ਼ਮਣੀ ਹੈ। ਜਦ ਜੋਸ਼ ਅਤੇ ਗ਼ੁੱਸਾ ਆਉਂਦਾ ਹੈ ਤਾਂ ਅਕ਼ਲ ਕ਼ਾਇਮ ਨਹੀਂ ਰਹਿ ਸਕਦੀ, ਪਰ ਜਿਹੜਾ ਸਬਰ ਕਰਦਾ ਹੈ ਅਤੇ ਹਲੀਮੀ ਦਾ ਨਮੂਨਾ ਦਿਖਾਉਂਦਾ ਹੈ ਉਸਨੂੰ ਇੱਕ ਨੂਰ ਦਿੱਤਾ ਜਾਂਦਾ ਹੈ ਜਿਸ ਨਾਲ਼ ਉਸਦੀ ਅਕ਼ਲ ਅਤੇ ਫ਼ਿਕਰ ਦੀਆਂ ਤਾਕ਼ਤਾਂ ਵਿੱਚ ਇੱਕ ਨਵੀਂ ਰੋਸ਼ਨੀ ਪੈਦਾ ਹੋ ਜਾਂਦੀ ਹੈ ਅਤੇ ਫਿਰ ਉਸ ਨੂਰ ਨਾਲ਼ ਨੂਰ ਪੈਦਾ ਹੁੰਦਾ ਹੈ। ਗ਼ੁੱਸੇ ਅਤੇ ਜੋਸ਼ ਦੀ ਹਾਲਤ ਵਿੱਚ ਕਿਉਂਕਿ ਦਿਲ ਅਤੇ ਦਿਮਾਗ਼ ਹਨੇਰੇ ਹੋ ਜਾਂਦੇ ਹਨ ਇਸ ਲਈ ਹਨੇਰੇ ਤੋਂ ਹਨੇਰਾ ਪੈਦਾ ਹੁੰਦਾ ਹੈ।

ਬਸ ਇਹੋ ਸਬਕ਼ ਹੈ ਜਿਸ ਨੂੰ ਹਮੇਸ਼ਾ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਇਹ ਜੋ ਆਪਣੇ ਆਪ ਕੁੱਝ ਲੋਕ ਆਲਿਮ ਬਣ ਜਾਂਦੇ ਹਨ ਅਤੇ ਸੋਸ਼ਲ ਮੀਡੀਆ ਤੇ ਜਵਾਬ ਦੇਣਾ ਸ਼ੁਰੂ ਕਰ ਦਿੰਦੇ ਹਨ। ਗ਼ੈਰ ਅਹਿਮਦੀਆਂ ਦੇ ਜਿਹੜੇ ਮੁੱਲਾ ਅਖਵਾਉਂਦੇ ਹਨ, ਜਿਹੜੇ ਜਿਹੜੇ ਲੋਕ ਐਤਰਾਜ਼ ਕਰਦੇ ਹਨ, ਉਹਨਾਂ ਦੇ ਐਤਰਾਜ਼ਾਂ ਦੇ ਜਵਾਬ ਦੇਣ ਲੱਗਦੇ ਹਨ, ਉਹਨਾਂ ਨੂੰ ਇਸ ਚੀਜ਼ ਤੋਂ ਬਚਣਾ ਚਾਹੀਦਾ ਹੈ ਅਤੇ ਜੇਕਰ ਜਵਾਬ ਤਲਾਸ਼ ਕਰਨੇ ਹਨ ਤਾਂ ਉਲਾਮਾ ਤੋਂ, ਜਮਾਅਤ ਬਾਰੇ ਗਹਿਰਾ ਇਲਮ ਰੱਖਣ ਵਾਲ਼ੇ ਜਮਾਅਤੀ ਲਿਟਰੇਚਰ ਤੋਂ, ਉਹਨਾਂ ਕੋਲ਼ੋਂ ਪੁੱਛਿਆ ਜਾਵੇ ਅਤੇ ਉਸਦੇ ਜਵਾਬ ਅਜਿਹੇ ਦਿੱਤੇ ਜਾਣ ਜਿਹੜੇ ਵਾਕ਼ਈ ਠੋਸ ਹੋਣ ਅਤੇ ਉਹਨਾਂ ਦੀਆਂ ਦਲੀਲਾਂ ਨੂੰ, ਉਹਨਾਂ ਦੇ ਇਲਜ਼ਾਮਾਂ ਨੂੰ ਰੱਦ ਕਰਨ ਵਾਲ਼ੇ ਹੋਣ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਜਿਹੜੀ ਤਾਲੀਮ ਹੈ, ਜਿਹੜੀ ਹਕ਼ੀਕ਼ਤ ਵਿੱਚ ਸਹੀ ਇਸਲਾਮੀ ਤਾਲੀਮ ਹੈ, ਇਸ 'ਤੇ ਅਮਲ ਕਰੋ ਨਹੀਂ ਤਾਂ ਆਪ ਲੋਕ ਜਮਾਅਤ ਵਿੱਚ ਰਹਿ ਕੇ ਫਿਰ ਜਮਾਅਤ ਨੂੰ ਬਦਨਾਮ ਕਰਨ ਵਾਲ਼ੇ ਹੋ। ਅੱਲਾਹ ਤਆਲਾ ਸਾਨੂੰ ਬੁਰੇ ਲੋਕਾਂ ਦੀ ਬੁਰਾਈ ਤੋਂ ਬਚਾਵੇ ਅਤੇ ਉਹਨਾਂ ਲੋਕਾਂ ਨੂੰ ਵੀ ਅਕ਼ਲ ਦੇਵੇ ਜਿਹੜੇ ਝੂਠੀ ਗ਼ੈਰਤ ਦਿਖਾਉਣ ਵਾਲ਼ੇ ਹਨ ਅਤੇ ਕਈ ਵਾਰ ਬਿਨਾ ਵਜ੍ਹਾ ਕੁੱਝ ਅਲਫ਼ਾਜ਼ ਇਸਤੇਮਾਲ ਕਰਕੇ ਫ਼ਿਤਨਾ ਅਤੇ ਫ਼ਸਾਦ ਨੂੰ ਫੈਲਾਉਣ ਦਾ ਕਾਰਨ ਬਣ ਜਾਂਦੇ ਹਨ। ਜੇਕਰ ਅਸੀਂ ਸੋਸ਼ਲ ਮੀਡੀਆ 'ਤੇ ਉਹਨਾਂ ਜਵਾਬਾਂ ਦੀ ਬਜਾਏ ਅੱਲਾਹ ਤਆਲਾ ਦੇ ਹਜ਼ੂਰ ਝੁਕੀਏ, ਆਪਣੀਆਂ ਨਮਾਜ਼ਾਂ ਨੂੰ ਸਵਾਰ ਕੇ ਅਦਾ ਕਰੀਏ, ਆਪਣੇ ਸਜਦਿਆਂ ਵਿੱਚ ਉਹ ਦਰਦ ਪੈਦਾ ਕਰੀਏ ਕਿ ਜਿਸ ਨਾਲ਼ ਅੱਲਾਹ ਤਆਲਾ ਦੀ ਗ਼ੈਰਤ ਛੇਤੀ ਜੋਸ਼ ਵਿੱਚ ਆਵੇ ਤਾਂ ਅਸੀਂ ਬਹੁਤ ਛੇਤੀ ਇਸਦੇ ਬਹੁਤ ਬਿਹਤਰ

ਨਤੀਜੇ ਹਾਸਲ ਕਰ ਸਕਦੇ ਹਾਂ ਜਿਹੜੇ ਨਤੀਜੇ ਇਹ ਲੋਕ ਆਪਣੇ ਜਵਾਬ ਦੇਣ ਨਾਲ਼ ਹਾਸਿਲ ਕਰਨਾ ਚਾਹੁੰਦੇ ਹਨ। ਇਸ ਲਈ ਹਰ ਅਹਿਮਦੀ ਨੂੰ ਇਸ ਚੀਜ਼ ਤੋਂ ਬਚਣਾ ਚਾਹੀਦਾ ਹੈ ਕਿ ਕਦੀ ਅਜਿਹੀਆਂ ਗੱਲਾਂ ਨਾ ਕਰਨ ਜਿਹੜੀਆਂ ਵਿਰੋਧੀਆਂ ਨੂੰ ਬਿਨਾ ਵਜ੍ਹਾ ਇਹ ਮੌਕ਼ਾ ਦੇਣ ਕਿ ਅਹਿਮਦੀ ਨੇ ਇਹ ਕਹਿ ਦਿੱਤਾ ਅਤੇ ਉਹ ਕਹਿ ਦਿੱਤਾ। ਸਾਡੇ ਅਖ਼ਲਾਕ਼ ਬਹੁਤ ਬੁਲੰਦ ਅਤੇ ਬਹੁਤ ਉਚੇਰੇ ਹੋਣੇ ਚਾਹੀਦੇ ਹਨ ਅਤੇ ਜਿਸ ਦੇ ਅਖ਼ਲਾਕ਼ ਬੁਲੰਦ ਨਹੀਂ ਉਸਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਬੈਅਤ ਦਾ ਹੱਕ਼ ਅਦਾ ਨਹੀਂ ਕੀਤਾ। ਬਸ ਸਾਨੂੰ ਆਪਣੇ ਜਾਇਜ਼ੇ ਲੈਣੇ ਚਾਹੀਦੇ ਹਨ। ਹਰੇਕ ਆਪਣਾ ਜਾਇਜ਼ਾ ਲਵੇ, ਸੋਚੇ ਅਤੇ ਬਜਾਏ ਗ਼ਲਤ ਕ਼ਿਸਮ ਦੇ ਜਵਾਬਾਂ ਦੇ ਦੁਆਵਾਂ ਵੱਲ ਤਵੱਜੋ ਦਵੇ। ਅੱਲਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ਼ ਅਤਾ ਫ਼ਰਮਾਵੇ ਅਤੇ ਵਿਰੋਧੀਆਂ ਦੇ ਸ਼ਰ ਉਹਨਾਂ 'ਤੇ ਉਲਟਾਏ ਅਤੇ ਉਸ ਤੋਂ ਬਚਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞